# ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2024/ 24508

## ਦਫਤਰੀ ਹੁਕਮ

ਮਿਤੀ- 23/8/24

ਪੰਜਾਬ ਸਰਕਾਰ, ਮੈਡੀਕਲ ਸਿਖਿਆ ਤੇ ਖੋਜ ਵਿਭਾਗ (ਸਿਹਤ-3 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਰਾਹੀਂ ਜਾਰੀ ਹਦਾਇਤਾਂ/ਅਧਿਕਾਰਾਂ ਦੇ ਸਨਮੁੱਖ ਇਸ ਦਫਤਰ ਵੱਲੋਂ ਇਸ ਸੰਸਥਾ ਦੇ ਵੱਖ-ਵੱਖ ਵਿਭਾਗਾਂ ਵਿੱਚ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਖਾਲੀ ਆਸਾਮੀਆਂ ਦੀ ਚੋਣ ਕਰਨ ਲਈ ਲੀਡਿੰਗ ਅਖਬਾਰਾਂ ਅਤੇ ਸੰਸਥਾ ਦੀ ਵੈਬ-ਸਾਈਟ ਤੇ ਵਿਗਿਆਪਨ ਨੰ: ਡੀ.ਪੀ.ਆਰ/ਪੀਬੀ/34283 ਅਤੇ ਡੀ.ਪੀ.ਆਰ/ਐਨ.ਏ/12/23242/2023/34283 ਮਿਤੀ: 08.06.2024 ਨੂੰ ਪ੍ਰਕਾਸ਼ਿਤ ਕਰਦੇ ਹੋਏ ਬਿਨੈਕਾਰਾਂ ਪਾਸੋਂ ਸੀਨੀਅਰ ਰੈਜੀਡੈਂਟ ਦੀਆਂ ਖਾਲੀ ਆਸਾਮੀਆਂ ਭਰਨ ਲਈ ਮਿਤੀ 30.06.2024 ਤੱਕ ਅਰਜੀਆਂ ਦੀ ਮੰਗ ਕੀਤੀ ਗਈ ਸੀ। ਨਿਰਧਾਰਿਤ ਮਿੱਤੀ ਤੱਕ ਬਿਨੈਕਾਰਾਂ ਪਾਸੋਂ ਪ੍ਰਾਪਤ ਅਰਜੀਆਂ ਘੋਖਣ ਉਪਰੰਤ ਸੀਨੀਅਰ ਰੈਜੀਡੈਂਟ ਦੀ ਚੋਣ ਕਰਨ ਲਈ ਇਸ ਸੰਸਥਾ ਦੀ ਸਲੈਕਸ਼ਨ ਕਮੇਟੀ ਵੱਲੋਂ ਮਿਤੀ: 22.08.2024 ਨੂੰ ਕੀਤੀ ਗਈ ਸਿਫਾਰਸ਼ ਦੇ ਸਨਮੁੱਖ ਯੋਗ ਪਾਏ ਗਏ ਨਿਮਨ ਦਰਸਾਏ ਬਿਨੈਕਾਰ ਦੀ ਉਨ੍ਹਾਂ ਦੇ ਵਿਭਾਗ ਵਿੱਚ ਇਸ ਸੰਸਥਾ ਵਿਖੇ ਬਤੋਰ ਸੀਨੀਅਰ ਰੈਜੀਡੈਂਟ 03 ਸਾਲ ਦੇ ਟੈਨਿਓਰ ਲਈ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਚੋਣ ਕੀਤੀ ਜਾਂਦੀ ਹੈ:-

1) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਡਾਕਟਰ ਚੋਣ ਦੇ ਹੁਕਮ ਇਸ ਸੰਸਥਾ ਦੀ ਵੈਬ ਸਾਈਟ (www.gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕੀਤੀ ਜਾਵੇਗੀ।

2) ਚੁਣੇ ਗਏ ਉਮੀਦਵਾਰ ਦੀ ਜਿਸ ਵਿਭਾਗ ਵਿਚ ਸੀਨੀਅਰ ਰੈਜੀਡੈਂਟ ਚੋਣ ਕੀਤੀ ਗਈ ਹੈ ਉਹ ਅੰਤਿਮ ਹੋਵੇਗੀ।

3) ਚੁਣੇ ਗਏ ਉਮੀਦਵਾਰ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇ ਨੋਟੀਫਿਕੇਸ਼ਨ ਮੀਮੋ ਨੰ: ਐਮ.ਈ.ਆਰ-ਐਚ.ਟੀ.ਐਚ307ਏ/125/2021-6 ਐਚ.ਬੀ3/ 2327-32 ਮਿਤੀ 26.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

4) ਚੁਣੇ ਗਏ ਉਮੀਦਵਾਰ ਨੂੰ ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ ਜੇਕਰ ਉਮੀਦਵਾਰ ਦੇ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਜਾਂ ਸੀਨੀਅਰ ਰੈਜੀਡੈਂਸੀ ਦੀ ਯੋਗਤਾ ਪੂਰੀ ਨਹੀਂ ਹੁੰਦੀ ਤਾਂ ਉਸ ਉਮੀਦਵਾਰ ਦੀ ਚੋਣ ਰੱਦ ਸਮਝੀ ਜਾਵੇਗੀ।

5) ਚੁਣੇ ਗਏ ਉਮੀਦਵਾਰ ਵੱਲੋ ਆਪਣੀ ਜੁਆਇਨਿੰਗ ਸਮੇਂ ਪਿੱਤਰੀ ਵਿਭਾਗ ਤੋਂ ਜਾਰੀ ਫਾਰਮਲ ਐਨ.ਓ.ਸੀ ਪੇਸ਼ ਕੀਤਾ ਜਾਵੇਗਾ ਅਤੇ ਪਿੱਤਰੀ ਵਿਭਾਗ ਪਾਸੋਂ ਫਾਰਮਲ ਐਨ.ਓ.ਸੀ ਪੇਸ਼ ਕਰਨ ਦੀ ਸੂਰਤ ਵਿੱਚ ਹੀ ਹਾਜਰ ਕਰਵਾਇਆ ਜਾਵੇਗਾ।

| S.No. | Name of Doctors | Father / Husband Name | Category (1 to 7) |
|---|---|---|---|
| | Radiodiagnosis | | |
| 1 | Dr. Poonam Medical Officer, Merit No. 161/SC/2011, Mata Kaushalya Hospital, Patiala | Sh. Amarpal Singh | 1 |

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਵਿਪਨ ਸ਼ਰਮਾ ਸੁਪਰਡੰਟ | ਵਿਕਰਮ ਸਿੰਘ ਸੀਨੀਅਰ ਸਹਾਇਕ | ਕਲਰਕ

ਮਿਤੀ- 23/8/24

ਪਿੱ:ਅੰ:ਨੰ:1(4024)ਈ1/2024/ 24509-17

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
6. ਰਜਿਸਟਰਾਰ, ਬਾਬਾ ਫਰੀਦ ਯੂਨਿਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।
7. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
8. ਪ੍ਰੋਫੈਸਰ ਤੇ ਮੁੱਖੀ, ਰੇਡਿਓਡਾਇਗਨੋਜਿਜ ਵਿਭਾਗ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੋਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
9. ਸਬੰਧਤ ਡਾਕਟਰ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਵਿਪਨ ਸ਼ਰਮਾ ਸੁਪਰਡੰਟ | ਵਿਕਰਮ ਸਿੰਘ ਸੀਨੀਅਰ ਸਹਾਇਕ | ਕਲਰਕ